# ਬਚਪਨ 'ਚ ਲੱਗਣ ਵਾਲੇ ਟੀਕੇ
## ਤੁਹਾਡੇ ਸਵਾਲਾਂ ਦੇ ਜਵਾਬ

health.gov.au/childhoodimmunisation

**ਇਮਯੂਨਾਈਜ਼ੇਸ਼ਨ ਜਾਂ ਟੀਕਾਕਰਨ ਬਾਰੇ ਕੋਈ ਸਵਾਲ ਹਨ?**
ਅਸੀਂ ਬਚਪਨ ਦੇ ਟੀਕਾਕਰਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਤਿਆਰ ਕੀਤੇ ਹਨ।


**ਟੀਕੇ ਕਿਵੇਂ ਕੰਮ ਕਰਦੇ ਹਨ** 2
ਟੀਕੇ ਕਿਵੇਂ ਕੰਮ ਕਰਦੇ ਹਨ? 2
ਟੀਕਾਕਰਨ ਬੱਚਿਆਂ ਅਤੇ ਸਮਾਜ ਦੀ ਰੱਖਿਆ ਕਿਵੇਂ ਕਰਦਾ ਹੈ? 2
ਟੀਕਿਆਂ ਵਿੱਚ ਕੀ ਹੁੰਦਾ ਹੈ? 2
ਕੀ ਕੁਝ ਬੱਚਿਆਂ ਨੂੰ ਟੀਕਾਕਰਣ ਹੋਣ ਦੇ ਬਾਵਜੂਦ ਵੀ ਬਿਮਾਰੀ ਹੋ ਜਾਂਦੀ ਹੈ? 3

**ਟੀਕਿਆਂ ਦੀ ਸੁਰੱਖਿਆ** 3
ਕੀ ਟੀਕੇ ਸੁਰੱਖਿਅਤ ਹਨ? 3
ਟੀਕਾਕਰਨ ਦੇ ਖ਼ਤਰੇ ਅਤੇ ਲਾਭ ਕੀ ਹਨ? 3
ਔਟਿਜ਼ਮ ਬਾਰੇ ਕੀ? 4

**ਬੁਰੇ ਪ੍ਰਭਾਵ** 4
ਟੀਕਾਕਰਨ ਤੋਂ ਬਾਅਦ ਕੀ ਪ੍ਰਤੀਕਰਮ ਪ੍ਰਗਟ ਹੋ ਸਕਦੇ ਹਨ? 4
ਕੀ ਬੱਚਿਆਂ ਲਈ ਇੱਕੋ ਸਮੇਂ ਕਈ ਟੀਕੇ ਲਗਵਾਉਣਾ ਸੁਰੱਖਿਅਤ ਹੈ? 5
ਕੀ ਟੀਕੇ ਬੱਚਿਆਂ ਵਿੱਚ ਦਮੇ ਅਤੇ ਐਲਰਜੀ ਦਾ ਕਾਰਨ ਬਣਦੇ ਹਨ ਜਾਂ ਇਸਨੂੰ ਹੋਰ ਵਿਗਾੜਦੇ ਹਨ? 5

**ਟੀਕਾਕਰਨ ਨਾਲ ਰੋਕਥਾਮਯੋਗ ਬਿਮਾਰੀਆਂ** 5
ਕੀ ਅਸੀਂ ਬੱਚਿਆਂ ਨੂੰ ਜਿਹੜੀਆਂ ਬਿਮਾਰੀਆਂ ਤੋਂ ਬਚਣ ਲਈ ਟੀਕੇ ਲਗਾਉਂਦੇ ਹਾਂ ਕੀ ਉਹ ਅਸਲ ਵਿੱਚ ਗੰਭੀਰ ਹਨ? 5
ਜੇਕਰ ਬੀਮਾਰੀਆਂ ਬਹੁਤ ਘੱਟ ਹੀ ਹੁੰਦੀਆਂ ਹਨ, ਤਾਂ ਮੇਰੇ ਬੱਚੇ ਨੂੰ ਅਜੇ ਵੀ ਟੀਕਾਕਰਨ ਦੀ ਲੋੜ ਕਿਉਂ ਹੈ? 6

**ਟੀਕਾਕਰਨ ਅਨੁਸੂਚੀ** 6
ਬੱਚਿਆਂ ਨੂੰ ਇੰਨੀ ਛੋਟੀ ਉਮਰ ਵਿੱਚ ਇੰਨੇ ਸਾਰੇ ਟੀਕਿਆਂ ਦੀ ਲੋੜ ਕਿਉਂ ਹੈ? 6
ਕੀ ਮੈਂ ਕੁਝ ਟੀਕਿਆਂ ਨੂੰ ਅਲੱਗ-ਅਲੱਗ ਲਗਵਾ ਸਕਦਾ/ਸਕਦੀ ਹਾਂ ਜਾਂ ਦੇਰੀ ਕਰ ਸਕਦਾ/ਸਕਦੀ ਹਾਂ? 6
ਕੁਝ ਬੱਚਿਆਂ ਨੂੰ ਵਾਧੂ ਟੀਕਿਆਂ ਦੀ ਲੋੜ ਕਿਉਂ ਹੁੰਦੀ ਹੈ? 7
ਜੇਕਰ ਮੇਰਾ ਬੱਚਾ ਬਿਮਾਰ ਹੈ ਤਾਂ ਕੀ ਮੈਨੂੰ ਟੀਕਾਕਰਨ ਵਿੱਚ ਦੇਰੀ ਕਰਨੀ ਚਾਹੀਦੀ ਹੈ? 7
ਜੇ ਮੇਰਾ ਬੱਚਾ ਨਿਰਧਾਰਤ ਟੀਕਾਕਰਨ ਨਹੀਂ ਲਗਵਾ ਪਾਉਂਦਾ ਤਾਂ ਕੀ ਹੋਵੇਗਾ? 7
ਕੀ ਬੱਚਿਆਂ ਦੇ ਸਾਰੇ ਟੀਕਾਕਰਨ ਮੁਫ਼ਤ ਹਨ? 7
ਮੈਂ ਆਪਣੇ ਬੱਚੇ ਦਾ ਟੀਕਾਕਰਨ ਕਰਨ ਲਈ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ? 8

# ਟੀਕੇ ਕਿਵੇਂ ਕੰਮ ਕਰਦੇ ਹਨ

## ਟੀਕੇ ਕਿਵੇਂ ਕੰਮ ਕਰਦੇ ਹਨ?

ਟੀਕੇ ਸਾਡੇ ਸਰੀਰ ਦੀ ਕੁਦਰਤੀ ਬਚਾਅ ਪ੍ਰਣਾਲੀ ਦੀ ਵਰਤੋਂ ਕਰਕੇ ਖਾਸ ਲਾਗਾਂ ਪ੍ਰਤੀ ਪ੍ਰਤਿਰੋਧ ਪੈਦਾ ਕਰਕੇ ਸਾਨੂੰ ਉਹਨਾਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਹੀ ਸਾਡੀ ਰੱਖਿਆ ਕਰਦੇ ਹਨ।

ਜਦੋਂ ਇੱਕ ਬੱਚੇ ਨੂੰ ਟੀਕਾ ਲਗਵਾਇਆ ਜਾਂਦਾ ਹੈ, ਤਾਂ ਉਹਨਾਂ ਦਾ ਸਰੀਰ ਉਸੇ ਤਰ੍ਹਾਂ ਪ੍ਰਤੀਰੋਧਕ ਪ੍ਰਤੀਕਿਰਿਆ ਪੈਦਾ ਕਰਦਾ ਹੈ ਜਿਸ ਤਰ੍ਹਾਂ ਇਹ ਕਿਸੇ ਬਿਮਾਰੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੁੰਦਾ ਹੈ। ਜੇਕਰ ਬੱਚਾ ਭਵਿੱਖ ਵਿੱਚ ਉਸ ਬਿਮਾਰੀ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਉਹਨਾਂ ਦੀ ਇਮਿਊਨ ਪ੍ਰਣਾਲੀ ਇਸਨੂੰ ਯਾਦ ਰੱਖਦੀ ਹੈ ਅਤੇ ਜਲਦੀ ਪ੍ਰਤੀਕ੍ਰਿਆ ਦਿੰਦੀ ਹੈ, ਜਿਸ ਨਾਲ ਬਿਮਾਰੀ ਨੂੰ ਵਧਣ ਤੋਂ ਰੋਕਦੀ ਹੈ।

ਟੀਕੇ ਬਿਮਾਰੀ ਲਗਾਏ ਬਿਨਾਂ ਸੁਰੱਖਿਆ ਪ੍ਰਦਾਨ ਕਰਦੇ ਹਨ। ਉਹ ਅਸਲ ਬਿਮਾਰੀ ਦੇ ਹੋਣ ਨਾਲੋਂ ਸੁਰੱਖਿਅਤ ਹਨ।

ਵਧੇਰੇ:

- What is immunisation video | Australian Academy of Science
- About immunisation | Australian Government Department of Health, Disability and Ageing
- Questions about vaccination | Australian Government Department of Health, Disability and Ageing

## ਟੀਕਾਕਰਨ ਬੱਚਿਆਂ ਅਤੇ ਸਮਾਜ ਦੀ ਰੱਖਿਆ ਕਿਵੇਂ ਕਰਦਾ ਹੈ?

ਟੀਕਾਕਰਨ ਬੱਚਿਆਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਂਦਾ ਹੈ ਜੋ ਅਪਾਹਜਤਾ ਅਤੇ ਮੌਤ ਸਮੇਤ ਕਈ ਮੁਸ਼ਕਿਲਾਂ ਦਾ ਕਾਰਨ ਬਣ ਸਕਦੀਆਂ ਹਨ। ਆਪਣੇ ਬੱਚੇ ਦਾ ਟੀਕਾਕਰਨ ਕਰਕੇ, ਤੁਸੀਂ ਆਪਣੇ ਪਰਿਵਾਰ ਦੇ ਹੋਰ ਲੋਕਾਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹੋ ਜਿਹਨਾਂ ਨੂੰ ਲਾਗ ਲੱਗਣ ਦਾ ਜਿਆਦਾ ਖ਼ਤਰਾ ਹੈ ਅਤੇ ਜੇਕਰ ਉਹ ਇਸ ਬਿਮਾਰੀ ਨਾਲ ਬਿਮਾਰ ਹੋ ਜਾਂਦੇ ਹਨ ਤਾਂ ਉਹ ਬਹੁਤ ਬਿਮਾਰ ਹੋ ਸਕਦੇ ਹਨ, ਜਿਵੇਂ ਕਿ ਗਰਭਵਤੀ ਔਰਤਾਂ, ਬਜ਼ੁਰਗ ਲੋਕ ਅਤੇ ਸਿਹਤ ਮੁਸ਼ਕਿਲਾਂ ਵਾਲੇ ਲੋਕ। ਜਦੋਂ ਭਾਈਚਾਰੇ ਵਿੱਚ ਬਹੁਤ ਸਾਰੇ ਲੋਕਾਂ ਨੂੰ ਟੀਕਾ ਲਗਾਇਆ ਜਾਂਦਾ ਹੈ, ਤਾਂ ਕਿਸੇ ਬਿਮਾਰੀ ਦਾ ਫੈਲਣਾ ਬਹੁਤ ਮੁਸ਼ਕਲ ਹੁੰਦਾ ਹੈ ਕਿਉਂਕਿ ਲੋਕਾਂ ਦੇ ਕਿਸੇ ਸੰਕਰਮਿਤ ਵਿਅਕਤੀ ਨੂੰ ਮਿਲਣ ਅਤੇ ਬਿਮਾਰੀ ਨੂੰ ਫੜ੍ਹਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸ ਨੂੰ ਹਰਡ ਇਮਿਊਨਿਟੀ ਕਿਹਾ ਜਾਂਦਾ ਹੈ।

ਹਰਡ ਇਮਿਊਨਿਟੀ ਦਾ ਫਾਇਦਾ ਇਹ ਹੈ ਕਿ ਅਸੀਂ ਉਹਨਾਂ ਦੀ ਰੱਖਿਆ ਕਰ ਸਕਦੇ ਹਾਂ ਜੋ ਟੀਕਾਕਰਨ ਨਹੀਂ ਲਗਵਾ ਸਕਦੇ, ਜਿਸ ਵਿੱਚ ਉਹ ਬੱਚੇ ਵੀ ਸ਼ਾਮਲ ਹਨ ਜੋ ਟੀਕਾ ਲਗਵਾਉਣ ਲਈ ਬਹੁਤ ਛੋਟੇ ਹਨ ਜਾਂ ਉਹ ਲੋਕ ਜੋ ਡਾਕਟਰੀ ਕਾਰਨਾਂ ਕਰਕੇ ਟੀਕਾ ਨਹੀਂ ਲਗਵਾ ਸਕਦੇ ਹਨ।

ਵਧੇਰੇ:

- What is immunisation video | Australian Academy of Science
- About immunisation | Australian Government Department of Health, Disability and Ageing
- Questions about vaccination | Australian Government Department of Health, Disability and Ageing

## ਟੀਕਿਆਂ ਵਿੱਚ ਕੀ ਹੁੰਦਾ ਹੈ?

ਟੀਕਿਆਂ ਵਿੱਚ ਬਹੁਤ ਸਾਰੇ ਤੱਤ ਹੁੰਦੇ ਹਨ ਜਿਵੇਂ ਕਿ ਐਂਟੀਜੇਨ, ਜੋ ਕਿ ਵਾਇਰਸ, ਬੈਕਟੀਰੀਆ ਜਾਂ ਜੀਵ-ਵਿਸ਼ (ਟੌਕਸਿਨ) ਦਾ ਇੱਕ ਸੋਧਿਆ ਰੂਪ ਹੈ ਜੋ ਬਿਮਾਰੀ ਦਾ ਕਾਰਨ ਬਣਦੇ ਹਨ।

ਹੋਰ ਸਮੱਗਰੀ ਜਿਵੇਂ ਕਿ ਸਹਾਇਕ ਸਮੱਗਰੀ, ਪਰੀਜ਼ਰਵੇਟਿਵ (ਖ਼ਰਾਬ ਹੋਣ ਤੋਂ ਬਚਾਉਣ ਲਈ) ਅਤੇ ਸਟੈਬੀਲਾਈਜ਼ਰ (ਸਥਿਰ ਰੱਖਣ ਲਈ) ਇਹ ਯਕੀਨੀ ਬਣਾਉਂਦੇ ਹਨ ਕਿ ਟੀਕੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ, ਇਮਿਊਨ ਪ੍ਰਤੀਕ੍ਰਿਆ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ, ਉਹਨਾਂ ਨੂੰ ਬਿਹਤਰ ਕੰਮ ਕਰਨ ਦੇ ਯੋਗ ਬਣਾਉਂਦੇ ਹਨ।

ਟੀਕਿਆਂ ਦੇ ਵਿਚਲੇ ਤੱਤ ਅਣਜਾਣ ਲੱਗ ਸਕਦੇ ਹਨ ਜਦੋਂ ਉਹ ਲੇਬਲ 'ਤੇ ਸੂਚੀਬੱਧ ਹੁੰਦੇ ਹਨ। ਹਾਲਾਂਕਿ, ਟੀਕਿਆਂ ਵਿੱਚ ਵਰਤੀਆਂ ਜਾਣ ਵਾਲਿਆਂ ਬਹੁਤ ਸਾਰੀਆਂ ਚੀਜ਼ਾਂ ਕੁਦਰਤੀ ਤੌਰ 'ਤੇ ਸਰੀਰ ਵਿੱਚ, ਵਾਤਾਵਰਣ ਵਿੱਚ ਅਤੇ ਸਾਡੇ ਦੁਆਰਾ ਖਾਣ ਵਾਲੇ ਭੋਜਨ ਵਿੱਚ ਹੁੰਦੀਆਂ ਹਨ। ਟੀਕਿਆਂ ਵਿਚਲੇ ਸਾਰੇ ਤੱਤ - ਅਤੇ ਨਾਲ ਹੀ ਟੀਕਿਆਂ ਦੀ ਵੀ - ਚੰਗੀ ਤਰ੍ਹਾਂ ਜਾਂਚ ਅਤੇ ਨਿਗਰਾਨੀ ਕੀਤੀ ਜਾਂਦੀ ਹੈ, ਇਹ ਯਕੀਨੀ ਬਣਾਉਣ ਲਈ ਕਿ ਉਹ ਸੁਰੱਖਿਅਤ ਹਨ।

ਵਧੇਰੇ:

- What is in the vaccines? | Sharing Knowledge about Immunisation
- What is immunisation video | Australian Academy of Science
- What ingredients are in vaccines? | Questions about vaccination | Australian Government Department of Health, Disability and Ageing

## ਕੀ ਕੁਝ ਬੱਚਿਆਂ ਨੂੰ ਟੀਕਾਕਰਣ ਹੋਣ ਦੇ ਬਾਵਜੂਦ ਵੀ ਬਿਮਾਰੀ ਹੋ ਜਾਂਦੀ ਹੈ?

ਹਾਂ, ਇਹ ਸੰਭਵ ਹੈ ਕਿਉਂਕਿ ਕੋਈ ਵੀ ਟੀਕਾ 100% ਪ੍ਰਭਾਵਸ਼ਾਲੀ ਨਹੀਂ ਹੁੰਦਾ। ਟੀਕਿਆਂ ਦੁਆਰਾ ਪ੍ਰਦਾਨ ਕੀਤੇ ਗਏ ਸੁਰੱਖਿਆ ਦੇ ਪੱਧਰ ਵੱਖਰੇ ਹੁੰਦੇ ਹਨ ਇਸ ਲਈ ਬਹੁਤ ਘੱਟ ਗਿਣਤੀ ਵਿੱਚ ਲੋਕ ਹੋਣਗੇ ਜੋ ਪ੍ਰਤੀਰੋਧਕ ਸ਼ਕਤੀ ਵਿਕਸਿਤ ਨਹੀਂ ਕਰਦੇ ਹਨ ਅਤੇ ਸ਼ਾਇਦ ਬਿਮਾਰੀ ਲੱਗ ਸਕਦੀ ਹੈ। ਜੇ ਉਹਨਾਂ ਨੂੰ ਟੀਕਾ ਲਗਾਇਆ ਗਿਆ ਹੈ, ਤਾਂ ਉਹਨਾਂ ਨੂੰ ਆਮ ਤੌਰ 'ਤੇ ਟੀਕਾਕਰਨ ਨਾ ਕੀਤੇ ਜਾਣ ਨਾਲੋਂ ਘੱਟ ਗੰਭੀਰ ਬਿਮਾਰੀ ਦਾ ਅਨੁਭਵ ਹੁੰਦਾ ਹੈ।

# ਟੀਕਿਆਂ ਦੀ ਸੁਰੱਖਿਆ

## ਕੀ ਟੀਕੇ ਸੁਰੱਖਿਅਤ ਹਨ?

ਹਾਂ, ਟੀਕੇ ਸੁਰੱਖਿਅਤ ਹਨ। ਸਾਰੇ ਟੀਕੇ ਇਹ ਯਕੀਨੀ ਬਣਾਉਣ ਲਈ ਸਖ਼ਤ ਟੈਸਟਿੰਗ ਵਿੱਚੋਂ ਲੰਘਦੇ ਹਨ ਕਿ ਉਹ ਸੁਰੱਖਿਅਤ ਅਤੇ ਪ੍ਰਭਾਵੀ ਹਨ, ਇਸ ਤੋਂ ਪਹਿਲਾਂ ਕਿ ਉਹਨਾਂ ਨੂੰ ਥੈਰੇਪਿਊਟਿਕ ਗੁੱਡਜ਼ ਐਡਮਿਨਿਸਟ੍ਰੇਸ਼ਨ TGA (ਟੀ ਜੀ ਏ) ਦੁਆਰਾ ਆਸਟ੍ਰੇਲੀਆ ਵਿੱਚ ਵਰਤੋਂ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ। ਇਸ ਵਿੱਚ ਕਲੀਨਿਕਲ ਅਜ਼ਮਾਇਸ਼ਾਂ ਦੇ ਵੱਖ-ਵੱਖ ਪੜਾਅ ਅਤੇ ਵਿੱਚਲੇ ਤੱਤਾਂ ਦੀ ਜਾਂਚ ਸ਼ਾਮਲ ਹੈ। ਜੋ ਟੀਕੇ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ, ਨੂੰ ਮਨਜ਼ੂਰੀ ਨਹੀਂ ਦਿੱਤੀ ਜਾਂਦੀ ਹੈ ਅਤੇ ਵਰਤੋਂ ਲਈ ਉਪਲਬਧ ਨਹੀਂ ਕਰਵਾਏ ਜਾਂਦੇ ਹਨ। ਰਾਸ਼ਟਰੀ ਟੀਕਾਕਰਨ ਪ੍ਰੋਗਰਾਮ 'ਤੇ ਟੀਕਾਕਰਨ ਨੂੰ ਸੂਚੀਬੱਧ ਕੀਤੇ ਜਾਣ ਤੋਂ ਪਹਿਲਾਂ ਇਹ ਇੱਕ ਵਿਆਪਕ ਪ੍ਰਕਿਰਿਆ ਦਾ ਹਿੱਸਾ ਹੈ।

ਇੱਕ ਵਾਰ ਉਪਲਬਧ ਹੋਣ 'ਤੇ, ਉਹਨਾਂ ਦੀ ਸੁਰੱਖਿਆ ਦੀ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਕਿਸੇ ਵੀ ਚਿੰਤਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਤੁਰੰਤ ਜਾਂਚ ਕੀਤੀ ਜਾਂਦੀ ਹੈ। ਇਹ TGA (ਟੀ ਜੀ ਏ) ਨੂੰ ਅਸੁਖਾਵੀਂ ਘਟਨਾਵਾਂ ਦੀ ਰਿਪੋਰਟਿੰਗ ਅਤੇ AusVaxSafety ਦੁਆਰਾ ਰਾਸ਼ਟਰੀ ਸਰਗਰਮ ਨਿਗਰਾਨੀ ਦੁਆਰਾ ਹੁੰਦਾ ਹੈ।

ਵਧੇਰੇ:

- Vaccine safety | Australian Government Department of Health, Disability and Ageing
- Are vaccines safe? video | Australian Academy of Science
- Vaccine safety and effectiveness: how is it tested? | Australian Academy of Science
- How do I know the vaccines are safe? | Sharing Knowledge about Immunisation

## ਟੀਕਾਕਰਨ ਦੇ ਖ਼ਤਰੇ ਅਤੇ ਲਾਭ ਕੀ ਹਨ?

ਟੀਕੇ ਲੋਕਾਂ ਨੂੰ ਗੰਭੀਰ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ ਜੋ ਕਿਸੇ ਸਮੇਂ ਬਹੁਤ ਸਾਰੇ ਨਿਆਣਿਆਂ, ਬੱਚਿਆਂ ਅਤੇ ਬਾਲਗਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਸਨ ਅਤੇ ਹਰ ਸਾਲ ਮੌਤਾਂ ਦਾ ਕਾਰਨ ਬਣਦੀਆਂ ਸਨ। ਟੀਕਿਆਂ ਤੋਂ ਬਿਨਾਂ, ਤੁਹਾਡੇ ਬੱਚੇ ਨੂੰ ਗੰਭੀਰ ਰੂਪ ਵਿੱਚ ਬਿਮਾਰ ਹੋਣ ਅਤੇ ਲਗਾਤਾਰ ਸਿਹਤ ਮੁਸ਼ਕਿਲਾਂ ਦਾ ਸਾਹਮਣਾ ਕਰਨ, ਅਤੇ ਖਸਰਾ ਅਤੇ ਕਾਲੀ ਖਾਂਸੀ ਵਰਗੀਆਂ ਬਿਮਾਰੀਆਂ ਤੋਂ ਮੌਤ ਹੋਣ ਦਾ ਖ਼ਤਰਾ ਹੈ। ਹਾਲਾਂਕਿ ਟੀਕਾਕਰਨ ਦੇ ਸੰਭਾਵੀ ਮਾੜੇ ਪ੍ਰਭਾਵ ਹੁੰਦੇ ਹਨ, ਪਰ ਇਹ ਹਮੇਸ਼ਾ ਲਗਭਗ ਹਲਕੇ ਹੀ ਹੁੰਦੇ ਹਨ (ਜਿਵੇਂ ਕਿ ਟੀਕੇ ਵਾਲੀ ਥਾਂ 'ਤੇ ਲਾਲੀ ਅਤੇ ਸੋਜ) ਅਤੇ ਕੁਝ ਦਿਨਾਂ ਦੇ ਅੰਦਰ ਦੂਰ ਹੋ ਜਾਂਦੇ ਹਨ। ਟੀਕਾਕਰਣ ਤੋਂ ਬਾਅਦ ਗੰਭੀਰ ਮਾੜੇ ਪ੍ਰਭਾਵ, ਜਿਵੇਂ ਕਿ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ, ਬਹੁਤ ਘੱਟ ਹੁੰਦੇ ਹਨ।

ਬਿਮਾਰੀ ਲੱਗਣ ਨਾਲੋਂ ਟੀਕਾ ਲਗਵਾਉਣਾ ਜ਼ਿਆਦਾ ਸੁਰੱਖਿਅਤ ਹੈ। ਉਦਾਹਰਨ ਲਈ, ਟੈਟਨਸ ਬਹੁਤ ਜ਼ਿਆਦਾ ਦਰਦ, ਮਾਸਪੇਸ਼ੀਆਂ ਵਿੱਚ ਕੜਵੱਲ, ਅਤੇ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦਾ ਹੈ। ਖਸਰਾ ਨਮੂਨੀਆ ਜਾਂ ਦਿਮਾਗ ਦੀ ਸੋਜ ਦਾ ਕਾਰਨ ਬਣ ਸਕਦਾ ਹੈ।

ਵਧੇਰੇ:

- Who benefits from vaccines? | Australian Academy of Science
- Questions about vaccination | Australian Government Department of Health, Disability and Ageing

## ਔਟਿਜ਼ਮ ਬਾਰੇ ਕੀ?

ਨਹੀਂ। ਟੀਕਾਕਰਨ ਅਤੇ ਔਟਿਜ਼ਮ ਵਿਚਕਾਰ ਕੋਈ ਸਥਾਪਿਤ ਸਬੰਧ ਨਹੀਂ ਹੈ। ਮੀਜ਼ਲ ਮੰਪਸ ਰੂਬੈਲਾ (ਐਮ ਐਮ ਆਰ) ਟੀਕੇ ਔਟਿਜ਼ਮ ਦਾ ਕਾਰਨ ਨਹੀਂ ਬਣਦੇ। ਕਈ ਸਾਲਾਂ ਤੋਂ ਉੱਚ-ਗੁਣਵੱਤਾ ਵਾਲੇ ਅਧਿਐਨਾਂ ਅਤੇ ਸਮੀਖਿਆਵਾਂ ਨੇ ਵੱਡੀ ਗਿਣਤੀ ਵਿੱਚ ਟੀਕਾਕਰਨ ਹੋਏ ਅਤੇ ਟੀਕਾਕਰਨ ਨਾ ਕੀਤੇ ਬੱਚਿਆਂ ਦੀ ਸਿਹਤ ਦੀ ਤੁਲਨਾ ਕੀਤੀ ਹੈ ਅਤੇ ਐਮ ਐਮ ਆਰ ਵੈਕਸੀਨ ਅਤੇ ਔਟਿਜ਼ਮ ਵਿਚਕਾਰ ਕੋਈ ਸਬੰਧ ਨਹੀਂ ਮਿਲਿਆ ਹੈ। ਵਿਗਿਆਨਕ ਅਧਿਐਨ ਅਤੇ ਸਮੀਖਿਆਵਾਂ ਟੀਕਾਕਰਨ ਅਤੇ ਔਟਿਜ਼ਮ ਵਿਚਕਾਰ ਕੋਈ ਸਬੰਧ ਨਹੀਂ ਦਿਖਾਉਂਦੀਆਂ ਹਨ।

1998 ਵਿੱਚ ਪ੍ਰਕਾਸ਼ਿਤ ਇੱਕ ਸਤਿਕਾਰਤ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਖੋਜ ਪੱਤਰ ਤੋਂ ਬਾਅਦ ਲੋਕ ਪਹਿਲਾਂ ਔਟਿਜ਼ਮ ਅਤੇ ਟੀਕਾਕਰਨ ਬਾਰੇ ਚਿੰਤਤ ਹੋ ਗਏ ਸਨ, ਜਿਸ ਨੇ ਐਮ ਐਮ ਆਰ ਟੀਕਾਕਰਨ ਅਤੇ ਔਟਿਜ਼ਮ ਵਿਚਕਾਰ ਇੱਕ ਸਬੰਧ ਹੋਣ ਦਾ ਸੁਝਾਅ ਦਿੱਤਾ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਵਿਗਿਆਨੀਆਂ ਨੇ ਸਿਰਫ 12 ਬੱਚਿਆਂ 'ਤੇ ਆਧਾਰਿਤ ਇਸ ਪੇਪਰ ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਹੈ। 2004 ਵਿੱਚ, ਲੇਖਕਾਂ ਨੇ ਟੀਕਾਕਰਨ ਅਤੇ ਔਟਿਜ਼ਮ ਵਿਚਕਾਰ ਸਬੰਧ ਦੇ ਆਪਣੇ ਦਾਅਵੇ ਨੂੰ ਵਾਪਸ ਲੈ ਲਿਆ। 2010 ਵਿੱਚ, ਜਰਨਲ ਨੇ ਪੇਪਰ ਵਾਪਸ ਲੈ ਲਿਆ ਜਦੋਂ ਯੂ.ਕੇ ਦੀ ਜਨਰਲ ਮੈਡੀਕਲ ਕੌਂਸਲ ਨੇ ਲੱਭਿਆ ਕਿ ਪੇਪਰ ਵਿੱਚਲੇ ਨਤੀਜੇ ਗਲਤ ਸਾਬਤ ਹੋ ਚੁੱਕੇ ਸਨ। ਜਰਨਲ ਨੇ ਮੁਆਫੀਨਾਮਾ ਛਾਪਿਆ।

ਵਧੇਰੇ:

- What about autism? | Sharing Knowledge About Immunisation
- Are vaccines safe? video | Australian Academy of Science

# ਬੁਰੇ ਪ੍ਰਭਾਵ

## ਟੀਕਾਕਰਨ ਤੋਂ ਬਾਅਦ ਕੀ ਪ੍ਰਤੀਕਰਮ ਪ੍ਰਗਟ ਹੋ ਸਕਦੇ ਹਨ?

ਟੀਕਾਕਰਨ ਨਾਲ ਜੁੜੇ ਜ਼ਿਆਦਾਤਰ ਮਾੜੇ ਪ੍ਰਭਾਵ ਮਾਮੂਲੀ ਹੁੰਦੇ ਹਨ, ਅਤੇ ਆਮ ਤੌਰ 'ਤੇ ਕੁਝ ਦਿਨਾਂ ਦੇ ਅੰਦਰ ਦੂਰ ਹੋ ਜਾਂਦੇ ਹਨ।

ਕੁਝ ਬੱਚਿਆਂ ਨੂੰ ਆਮ ਪ੍ਰਤੀਕਿਰਿਆਵਾਂ ਹੋ ਸਕਦੀਆਂ ਹਨ ਜਿਵੇਂ ਕਿ:

- ਲਾਲੀ, ਸੋਜ ਅਤੇ ਦਰਦ ਜਿੱਥੇ ਸੂਈ ਲਗਾਈ ਗਈ,
- ਰੰਗ 'ਚ ਬਦਲਾਵ, ਬੇਚੈਨ, ਨਾਖੁਸ਼ ਅਤੇ ਨੀਂਦ ਆਉਣਾ; ਅਤੇ
- ਹਲਕਾ ਬੁਖਾਰ।

ਇਹ ਪ੍ਰਤੀਕਿਰਿਆਵਾਂ ਦਰਸਾਉਂਦੀਆਂ ਹਨ ਕਿ ਇਮਿਊਨ ਸਿਸਟਮ ਟੀਕਾਕਰਨ ਨਾਲ ਤਾਲਮੇਲ ਕਰ ਰਿਹਾ ਹੈ। ਇਹ ਆਮ ਗੱਲ ਹੈ। ਹਾਲਾਂਕਿ ਇਹਨਾਂ ਲੱਛਣਾਂ ਤੋਂ ਤੁਸੀਂ ਚਿੰਤਤ ਹੋ ਸਕਦੇ ਹੋ ਅਤੇ ਤੁਹਾਡੇ ਬੱਚੇ ਨੂੰ ਪਰੇਸ਼ਾਨ ਕਰ ਸਕਦੇ ਹਨ, ਪਰ ਇਹ ਆਮ ਤੌਰ 'ਤੇ ਆਪਣੇ ਆਪ ਜਲਦੀ ਠੀਕ ਹੋ ਜਾਂਦੇ ਹਨ।

ਟੀਕਾਕਰਣ ਤੋਂ ਬਾਅਦ ਨਿਰਦੇਸ਼ ਅਨੁਸਾਰ, ਬੁਖਾਰ ਜਾਂ ਦਰਦ ਨੂੰ ਘਟਾਉਣ ਲਈ, ਤੁਸੀਂ ਦਰਦ ਤੋਂ ਰਾਹਤ ਵਾਲੀਆਂ ਦਵਾਈਆਂ ਦੀ ਵਰਤੋਂ ਕਰ ਸਕਦੇ ਹੋ, ਜਿਵੇਂ ਕਿ ਪੈਰਾਸੀਟਾਮੋਲ।

ਟੀਕਾਕਰਨ ਤੋਂ ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੁੰਦੇ ਹਨ। ਕਿਸੇ ਵੀ ਟੀਕਾਕਰਨ ਨਾਲ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ (ਐਨਾਫਾਈਲੈਕਸਿਸ) ਦਾ ਬਹੁਤ ਘੱਟ ਜੋਖਮ ਹੁੰਦਾ ਹੈ। ਐਨਾਫਾਈਲੈਕਸਿਸ ਆਮ ਤੌਰ 'ਤੇ ਟੀਕਾਕਰਣ ਦੇ ਕੁਝ ਮਿੰਟਾਂ ਦੇ ਅੰਦਰ ਹੁੰਦਾ ਹੈ, ਤੁਹਾਡੇ ਅਤੇ ਤੁਹਾਡੇ ਬੱਚੇ ਦੇ ਕਲੀਨਿਕ ਤੋਂ ਬਾਹਰ ਜਾਣ ਤੋਂ ਪਹਿਲਾਂ। ਇਸ ਲਈ ਤੁਹਾਨੂੰ ਟੀਕਾਕਰਨ ਤੋਂ ਬਾਅਦ ਘੱਟੋ-ਘੱਟ 15 ਮਿੰਟਾਂ ਲਈ ਕਲੀਨਿਕ ਜਾਂ ਮੈਡੀਕਲ ਸਰਜਰੀ ਵਿੱਚ ਰਹਿਣ ਲਈ ਕਿਹਾ ਜਾਂਦਾ ਹੈ ਜੇਕਰ ਹੋਰ ਇਲਾਜ ਦੀ ਲੋੜ ਪਵੇ ਤਾਂ।

ਤੁਹਾਡਾ ਡਾਕਟਰ ਜਾਂ ਨਰਸ ਜਾਣਦਾ/ਜਾਣਦੀ ਹੈ ਕਿ ਐਨਾਫਾਈਲੈਕਟਿਕ ਪ੍ਰਤੀਕ੍ਰਿਆ ਵਾਲੇ ਬੱਚੇ ਨੂੰ ਜਲਦੀ ਠੀਕ ਹੋਣ ਵਿੱਚ ਮਦਦ ਕਰਨ ਲਈ ਕੀ ਕਰਨਾ ਹੈ।

ਜੇ ਤੁਹਾਡੇ ਬੱਚੇ ਨੂੰ ਕੋਈ ਪ੍ਰਤੀਕਿਰਿਆ ਹੋਈ ਹੈ ਜੋ ਤੁਹਾਨੂੰ ਗੰਭੀਰ ਜਾਂ ਅਚਾਨਕ ਹੋਈ ਲੱਗਦੀ ਹੈ, ਤਾਂ ਫੌਰਨ ਡਾਕਟਰੀ ਸਲਾਹ ਲਓ।

ਵਧੇਰੇ:

- Possible side effects of vaccination | Australian Government Department of Health, Disability and Ageing
- Following vaccination – what to expect and what to do | Australian Government Department of Health, Disability and Ageing
- Side effects | Sharing Knowledge about Immunisation
- Australia's active vaccine safety program | AusVaxSafety | NCIRS

### ਕੀ ਬੱਚਿਆਂ ਲਈ ਇੱਕੋ ਸਮੇਂ ਕਈ ਟੀਕੇ ਲਗਵਾਉਣਾ ਸੁਰੱਖਿਅਤ ਹੈ?

ਹਾਂ। ਇੱਕ ਫੇਰੀ ਦੌਰਾਨ ਨਿਆਣਿਆਂ ਅਤੇ ਬੱਚਿਆਂ ਨੂੰ ਕਈ ਟੀਕੇ ਦੇਣਾ ਸੁਰੱਖਿਅਤ ਹੈ। ਮਿਸ਼ਰਿਤ ਟੀਕਾਕਰਨ ਬੱਚਿਆਂ ਨੂੰ ਘੱਟ ਟੀਕਿਆਂ ਨਾਲ ਵਧੇਰੇ ਬਿਮਾਰੀਆਂ ਤੋਂ ਟੀਕਾਕਰਨ ਕਰਨ ਵਿੱਚ ਮੱਦਦ ਕਰਦਾ ਹੈ। ਇਸਦਾ ਮਤਲਬ ਹੈ ਕਿ ਬੱਚੇ ਲਈ ਘੱਟ ਦਰਦ ਅਤੇ ਤਣਾਅ।

ਉਦਾਹਰਨ ਲਈ, 2, 4 ਅਤੇ 6 ਮਹੀਨਿਆਂ ਦੀ ਉਮਰ ਵਿੱਚ ਦਿੱਤੇ ਗਏ ਟੀਕਿਆਂ ਵਿੱਚੋਂ ਇੱਕ ਟੀਕਾ ਛੇ ਬਿਮਾਰੀਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਜਿਸਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਇੱਕ ਫੇਰੀ ਵਿੱਚ ਹੀ ਇਹ ਟੀਕਾ ਲਗਾਉਣ ਨਾਲ ਛੇ ਬਿਮਾਰੀਆਂ ਤੋਂ ਸੁਰੱਖਿਆ ਮਿਲਦੀ ਹੈ। ਇਹ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਇਮਿਊਨ ਸਿਸਟਮ ਤੇ ਵਾਧੂ ਭਾਰ ਨਹੀਂ ਪਾਵੇਗਾ।

ਬੱਚਿਆਂ ਦਾ ਇਮਿਊਨ ਸਿਸਟਮ ਬਹੁਤ ਮਜ਼ਬੂਤ ਹੁੰਦਾ ਹੈ। ਬੱਚੇ ਹਜ਼ਾਰਾਂ ਵੱਖ-ਵੱਖ ਕਿਸਮਾਂ ਦੇ ਐਂਟੀਜੇਨਜ਼ (ਜੀਵਾਣੂਆਂ ਦੇ ਉਹ ਹਿੱਸੇ ਜੋ ਬਿਮਾਰੀ ਦਾ ਕਾਰਨ ਬਣਦੇ ਹਨ, ਜਿਵੇਂ ਕਿ ਬੈਕਟੀਰੀਆ ਜਾਂ ਵਾਇਰਸ) ਦਾ ਸਾਹਮਣਾ ਕਰਦੇ ਹਨ। ਟੀਕਿਆਂ ਵਿੱਚ ਬਹੁਤ ਘੱਟ ਗਿਣਤੀ ਵਿੱਚ ਐਂਟੀਜੇਨ ਹੁੰਦੇ ਹਨ, ਉਸ ਨਾਲੋਂ ਬਹੁਤ ਘੱਟ ਜਿਹਨਾਂ ਦਾ ਬੱਚੇ ਹਰ ਰੋਜ ਸਾਹਮਣਾ ਕਰਦੇ ਹਨ। ਟੀਕੇ ਤੁਹਾਡੇ ਬੱਚੇ ਨੂੰ ਕੁਝ ਸਭ ਤੋਂ ਖਤਰਨਾਕ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਉਸ ਦੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਨਗੇ।

ਵਧੇਰੇ:

- Is it safe to give my child more than one vaccine at the same time? | Questions about vaccination | Australian Government Department of Health, Disability and Ageing
- What is immunisation? | Australian Academy of Science
- ਐਨ ਸੀ ਆਈ ਆਰ ਐਸ ਕਾਰਡ (NCIRS) - ਵਿਕਾਸ ਵਿੱਚ
- Why is the schedule the way it is? | Sharing Knowledge about Immunisation

### ਕੀ ਟੀਕੇ ਬੱਚਿਆਂ ਵਿੱਚ ਦਮੇ ਅਤੇ ਐਲਰਜੀ ਦਾ ਕਾਰਨ ਬਣਦੇ ਹਨ ਜਾਂ ਇਸਨੂੰ ਹੋਰ ਵਿਗਾੜਦੇ ਹਨ?

ਨਹੀਂ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਟੀਕੇ ਦਮੇ ਜਾਂ ਐਲਰਜੀ ਦਾ ਕਾਰਨ ਬਣਦੇ ਹਨ ਜਾਂ ਵਿਗਾੜਦੇ ਹਨ। ਇਹ ਮਹੱਤਵਪੂਰਨ ਹੈ ਕਿ ਦਮੇ ਜਾਂ ਐਲਰਜੀ ਵਾਲੇ ਬੱਚਿਆਂ ਨੂੰ ਗੰਭੀਰ ਲਾਗ ਲੱਗਣ ਦੀ ਸੰਭਾਵਨਾ ਨੂੰ ਘਟਾਉਣ ਲਈ ਟੀਕਾਕਰਨ ਕਰਵਾਇਆ ਜਾਵੇ, ਜੋ ਉਹਨਾਂ ਦੀ ਮੌਜੂਦਾ ਸਥਿਤੀ ਨੂੰ ਹੋਰ ਵਿਗਾੜ ਸਕਦੀ ਹੈ।

ਕੁਝ ਟੀਕਿਆਂ ਵਿੱਚ ਅਜਿਹੇ ਤੱਤ ਹੁੰਦੇ ਹਨ ਜੋ ਐਲਰਜੀ ਕਰ ਸਕਦੇ ਹਨ। ਇਸ ਲਈ, ਜੇਕਰ ਤੁਹਾਡੇ ਬੱਚੇ ਨੂੰ ਕਿਸੇ ਭੋਜਨ ਜਾਂ ਦਵਾਈਆਂ ਤੋਂ ਐਲਰਜੀ ਹੈ, ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਨਰਸ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਉਹ ਇਹ ਜਾਂਚ ਕਰ ਸਕਣ ਕਿ ਉਹ ਤੁਹਾਡੇ ਬੱਚੇ ਨੂੰ ਜੋ ਟੀਕੇ ਦੇਣ ਦੀ ਯੋਜਨਾ ਬਣਾ ਰਹੇ ਹਨ, ਉਹ ਸੁਰੱਖਿਅਤ ਹਨ।

ਵਧੇਰੇ:

- Do vaccines cause or worsen asthma and allergies? | Questions about vaccination | Australian Government Department of Health, Disability and Ageing

## ਟੀਕਾਕਰਨ ਨਾਲ ਰੋਕਥਾਮਯੋਗ ਬਿਮਾਰੀਆਂ

### ਕੀ ਅਸੀਂ ਬੱਚਿਆਂ ਨੂੰ ਜਿਹੜੀਆਂ ਬਿਮਾਰੀਆਂ ਤੋਂ ਬਚਣ ਲਈ ਟੀਕੇ ਲਗਾਉਂਦੇ ਹਾਂ ਕੀ ਉਹ ਅਸਲ ਵਿੱਚ ਗੰਭੀਰ ਹਨ?

ਹਾਂ। ਜਿਹੜੀਆਂ ਬਿਮਾਰੀਆਂ ਤੋਂ ਬਚਣ ਲਈ ਨਿਯਮਤ ਟੀਕਾਕਰਨ ਕੀਤਾ ਜਾਂਦਾ ਹੈ, ਉਹ ਗੰਭੀਰ ਅਤੇ ਘਾਤਕ ਵੀ ਹੋ ਸਕਦੀਆਂ ਹਨ। ਅਸੀਂ ਉਹਨਾਂ ਬਾਰੇ ਜ਼ਿਆਦਾ ਨਹੀਂ ਸੁਣਦੇ ਕਿਉਂਕਿ ਆਸਟ੍ਰੇਲੀਆ ਵਿੱਚ ਟੀਕਾਕਰਨ ਪ੍ਰੋਗਰਾਮਾਂ ਦੀ ਸਫਲਤਾ ਦੇ ਕਾਰਨ ਉਹ ਹੁਣ ਆਮ ਨਹੀਂ ਹਨ। ਹਾਲਾਂਕਿ, ਜੇਕਰ ਅਸੀਂ ਟੀਕਾਕਰਨ ਨਹੀਂ ਕਰਦੇ, ਤਾਂ ਸਮਾਜ ਵਿੱਚ ਗੰਭੀਰ ਬਿਮਾਰੀਆਂ ਦੁਬਾਰਾ ਉਭਰ ਸਕਦੀਆਂ ਹਨ।

ਵਧੇਰੇ:

- Are the diseases we vaccinate against really serious? | Questions about vaccination | Australian Government Department of Health, Disability and Ageing

### ਜੇਕਰ ਬੀਮਾਰੀਆਂ ਬਹੁਤ ਘੱਟ ਹੀ ਹੁੰਦੀਆਂ ਹਨ, ਤਾਂ ਮੇਰੇ ਬੱਚੇ ਨੂੰ ਅਜੇ ਵੀ ਟੀਕਾਕਰਨ ਦੀ ਲੋੜ ਕਿਉਂ ਹੈ?

ਬੱਚਿਆਂ ਦੀ ਸੁਰੱਖਿਆ ਲਈ ਛੋਟੀ ਉਮਰ ਵਾਲੇ ਟੀਕਾਕਰਨ ਦੀ ਲੋੜ ਹੁੰਦੀ ਹੈ, ਭਾਵੇਂ ਅਸੀਂ ਅਕਸਰ ਉਨ੍ਹਾਂ ਬਿਮਾਰੀਆਂ ਨੂੰ ਨਹੀਂ ਦੇਖਦੇ ਜਿਨ੍ਹਾਂ ਤੋਂ ਉਹ ਬਚਾਅ ਕਰਦੇ ਹਨ। ਪੋਲੀਓ, ਡਿਪਥੀਰੀਆ ਅਤੇ ਖਸਰਾ ਵਰਗੀਆਂ ਕੁਝ ਬਿਮਾਰੀਆਂ ਟੀਕਾਕਰਨ ਦੇ ਕਾਰਨ ਆਸਟ੍ਰੇਲੀਆ ਵਿੱਚ ਹੁਣ ਆਮ ਨਹੀਂ ਹਨ। ਜੇਕਰ ਅਸੀਂ ਟੀਕਾਕਰਨ ਬੰਦ ਕਰ ਦਿੱਤਾ, ਤਾਂ ਆਸਟ੍ਰੇਲੀਆ ਵਿੱਚ ਸਾਡੇ ਕੋਲ ਜੋ ਇਸ ਸਮੇਂ ਕੁਝ ਕੇਸ ਹਨ, ਉਹ ਬਹੁਤ ਜਲਦੀ ਹਜ਼ਾਰਾਂ ਜਾਂ ਲੱਖਾਂ ਕੇਸਾਂ ਵਿੱਚ ਬਦਲ ਸਕਦੇ ਹਨ। ਭਾਵੇਂ ਕਿ ਬਹੁਤ ਸਾਰੀਆਂ ਗੰਭੀਰ ਟੀਕਾਕਰਨ ਨਾਲ ਰੋਕਥਾਮਯੋਗ ਬਿਮਾਰੀਆਂ ਆਸਟ੍ਰੇਲੀਆ ਵਿੱਚ ਆਮ ਨਹੀਂ ਹਨ, ਕੁਝ ਦੁਨੀਆ ਦੇ ਦੂਜੇ ਹਿੱਸਿਆਂ ਵਿੱਚ ਆਮ ਹਨ, ਜਿਵੇਂ ਕਿ ਖਸਰਾ ਅਤੇ ਪੋਲੀਓ। ਭਾਵੇਂ ਤੁਹਾਡਾ ਪਰਿਵਾਰ ਅੰਤਰਰਾਸ਼ਟਰੀ ਯਾਤਰਾ ਨਹੀਂ ਕਰਦਾ ਹੈ, ਤੁਸੀਂ ਆਪਣੇ ਭਾਈਚਾਰੇ ਵਿੱਚ ਕਿਤੇ ਵੀ ਅੰਤਰਰਾਸ਼ਟਰੀ ਯਾਤਰੀਆਂ ਦੇ ਸੰਪਰਕ ਵਿੱਚ ਆ ਸਕਦੇ ਹੋ।

ਆਪਣੇ ਬੱਚੇ ਦਾ ਟੀਕਾਕਰਨ ਕਰਵਾਉਣ ਨਾਲ ਉਹਨਾਂ ਲੋਕਾਂ ਦੀ ਸੁਰੱਖਿਆ ਵਿੱਚ ਵੀ ਹਰਡ ਇਮਿਊਨਿਟੀ ਨਾਲ ਮਦਦ ਹੋ ਸਕਦੀ ਹੈ ਜਿਨ੍ਹਾਂ ਨੂੰ ਟੀਕਾਕਰਨ ਨਹੀਂ ਕੀਤਾ ਜਾ ਸਕਦਾ ਹੈ।

## ਟੀਕਾਕਰਨ ਅਨੁਸੂਚੀ

### ਬੱਚਿਆਂ ਨੂੰ ਇੰਨੀ ਛੋਟੀ ਉਮਰ ਵਿੱਚ ਇੰਨੇ ਸਾਰੇ ਟੀਕਿਆਂ ਦੀ ਲੋੜ ਕਿਉਂ ਹੈ?

ਬੱਚਿਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਉਨ੍ਹਾਂ ਦੀ ਸੁਰੱਖਿਆ ਲਈ ਟੀਕੇ ਲਗਵਾਏ ਜਾਂਦੇ ਹਨ ਕਿਉਂਕਿ ਉਹ ਬਹੁਤ ਛੋਟੀ ਉਮਰ ਵਿੱਚ ਬਿਮਾਰੀ ਲੱਗਣ ਦੇ ਸਭ ਤੋਂ ਵੱਧ ਜੋਖਮ ਵਿੱਚ ਹੁੰਦੇ ਹਨ। ਹਾਲਾਂਕਿ ਬੱਚਿਆਂ ਦਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ, ਜੀਵਨ ਦੇ ਸ਼ੁਰੂਆਤੀ ਪੜਾਵਾਂ ਵਿੱਚ ਟੀਕੇ ਬਹੁਤ ਜ਼ਰੂਰੀ ਹੁੰਦੇ ਹਨ ਕਿਉਂਕਿ ਉਹ ਬੱਚਿਆਂ ਦੀ ਰੱਖਿਆ ਕਰਦੇ ਹਨ ਜਦੋਂ ਉਹਨਾਂ ਦਾ ਇਮਿਊਨ ਸਿਸਟਮ ਅਜੇ ਵੀ ਵਿਕਾਸ ਕਰ ਰਿਹਾ ਹੁੰਦਾ ਹੈ।

ਬੱਚੇ ਟੀਕਾਕਰਨ ਨੂੰ ਬਰਦਾਸ਼ਤ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੁੰਦੇ ਹਨ, ਜਿਵੇਂ ਕਿ ਉਹ ਹਜ਼ਾਰਾਂ ਬੈਕਟੀਰੀਆ ਅਤੇ ਵਾਇਰਸਾਂ ਨੂੰ ਸੰਭਾਲਦੇ ਹਨ ਜਿਨ੍ਹਾਂ ਦਾ ਉਹ ਜਨਮ ਦੇ ਪਲ ਤੋਂ ਹੀ ਆਪਣੇ ਵਾਤਾਵਰਣ ਵਿੱਚ ਸਾਹਮਣਾ ਕਰਦੇ ਹਨ। ਟੀਕਾਕਰਨ ਤੁਹਾਡੇ ਬੱਚੇ ਨੂੰ ਗੰਭੀਰ ਲਾਗਾਂ ਤੋਂ ਬਚਾ ਸਕਦਾ ਹੈ ਜਿਸ ਨਾਲ ਕਸ਼ਟ ਆ ਸਕਦਾ ਹੈ, ਹਸਪਤਾਲ ਵਿੱਚ ਭਰਤੀ ਹੋਣਾ ਪੈ ਸਕਦਾ ਹੈ ਜਾਂ ਘਾਤਕ ਵੀ ਹੋ ਸਕਦਾ ਹੈ।

ਦੂਜੇ ਦੇਸ਼ਾਂ ਵਿੱਚ ਅਨੁਸੂਚੀ ਵੱਖਰੀ ਹੈ ਕਿਉਂਕਿ ਬਿਮਾਰੀ ਦੇ ਸਰੂਪ, ਵਾਇਰਸਾਂ ਜਾਂ ਬੈਕਟੀਰੀਆ ਦੀ ਕਿਸਮ, ਡਾਕਟਰੀ ਦੇਖਭਾਲ, ਉਪਲਬਧ ਟੀਕੇ ਅਤੇ ਉਹਨਾਂ ਦੀ ਲਾਗਤ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਵੱਖ-ਵੱਖ ਹੁੰਦੀ ਹੈ।

ਵਧੇਰੇ:

- Why is the schedule the way it is? | Sharing Knowledge about Immunisation

### ਕੀ ਮੈਂ ਕੁਝ ਟੀਕਿਆਂ ਨੂੰ ਅਲੱਗ-ਅਲੱਗ ਲਗਵਾ ਸਕਦਾ/ਸਕਦੀ ਹਾਂ ਜਾਂ ਦੇਰੀ ਕਰ ਸਕਦਾ/ਸਕਦੀ ਹਾਂ?

ਜਦੋਂ ਟੀਕੇ ਲਗਾਉਣ ਵਿੱਚ ਦੇਰੀ ਹੁੰਦੀ ਹੈ ਜਾਂ ਅਲੱਗ-ਅਲੱਗ ਲਗਾਏ ਜਾਂਦੇ ਹਨ, ਤਾਂ ਬੱਚੇ ਲੋੜ ਤੋਂ ਵੱਧ ਸਮੇਂ ਲਈ ਅਸੁਰੱਖਿਅਤ ਰਹਿੰਦੇ ਹਨ, ਖਾਸ ਕਰਕੇ ਜਿਸ ਉਮਰ ਵਿੱਚ ਬਿਮਾਰੀ ਸਭ ਤੋਂ ਆਮ ਜਾਂ ਸਭ ਤੋਂ ਗੰਭੀਰ ਹੁੰਦੀ ਹੈ। ਟੀਕਾਕਰਨ ਦੀ ਪਹਿਲੀ ਖੁਰਾਕ ਸਭ ਤੋਂ ਛੋਟੀ ਉਮਰ ਵਿੱਚ ਦੇਣ ਲਈ ਸਿਫਾਰਸ਼ ਕੀਤੀ ਜਾਂਦੀ ਹੈ ਜਦੋਂ ਕਿ ਬੱਚੇ ਦਾ ਇਮਿਊਨ ਸਿਸਟਮ ਚੰਗੀ ਪ੍ਰਤੀਕਿਰਿਆ ਦੇਣ ਅਤੇ ਚੰਗੀ ਸੁਰੱਖਿਆ ਪ੍ਰਾਪਤ ਕਰਨ ਲਈ ਤਿਆਰ ਹੁੰਦਾ ਹੈ।

ਨਿਆਣਿਆਂ ਅਤੇ ਬੱਚਿਆਂ ਨੂੰ ਦਿੱਤੀ ਜਾਣ ਵਾਲੇ ਹਰ ਟੀਕਾਕਰਨ ਦੀ ਹਰੇਕ ਖੁਰਾਕ ਦਾ ਸਮਾਂ ਧਿਆਨ ਨਾਲ ਚੁਣਿਆ ਜਾਂਦਾ ਹੈ ਅਤੇ ਕਈ ਦਹਾਕਿਆਂ ਦੀ ਖੋਜ 'ਤੇ ਆਧਾਰਿਤ ਹੁੰਦਾ ਹੈ - ਇਸ ਲਈ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੀ ਅਨੁਸੂਚੀ ਅਤੇ ਨਿਰਧਾਰਤ ਮਿਤੀਆਂ ਦੀ ਪਾਲਣਾ ਕਰਨਾ ਸਭ ਤੋਂ ਵਧੀਆ ਹੈ। ਭਾਵੇਂ ਤੁਸੀਂ ਕੁਝ ਹਫ਼ਤੇ ਹੀ ਲੇਟ ਹੋ, ਇਸ ਨਾਲ ਤੁਹਾਡੇ ਬੱਚੇ ਨੂੰ ਗੰਭੀਰ ਬਿਮਾਰੀ ਹੋਣ ਦਾ ਖ਼ਤਰਾ ਹੁੰਦਾ ਹੈ।

ਟੀਕਾਕਰਨ ਨੂੰ ਅਲੱਗ-ਅਲੱਗ ਕਰਨ ਦਾ ਮਤਲਬ ਇਹ ਵੀ ਹੋਵੇਗਾ ਕਿ ਇੱਕ ਬੱਚੇ ਨੂੰ ਟੀਕਾਕਰਨ ਲਈ ਵਧੇਰੇ ਮੁਲਾਕਾਤਾਂ ਅਤੇ ਟੀਕੇ ਲਗਾਉਣ ਦੀ ਲੋੜ ਹੈ। ਇਸ ਦਾ ਮਤਲਬ ਬੱਚੇ ਲਈ ਜ਼ਿਆਦਾ ਤਣਾਅ ਹੋਵੇਗਾ। ਖੋਜ ਨੇ ਦਿਖਾਇਆ ਹੈ ਕਿ ਬੱਚਿਆਂ ਨੂੰ ਇੱਕ ਸੂਈ ਲੱਗਣ 'ਤੇ ਓਨਾ ਹੀ ਤਣਾਅ ਹੁੰਦਾ ਹੈ ਜਿੰਨਾ ਉਹ ਇੱਕ ਤੋਂ ਵੱਧ ਸੂਈ ਲੱਗਣ 'ਤੇ ਕਰਦੇ ਹਨ।

ਵਧੇਰੇ:

- Why is the schedule the way it is? | Sharing Knowledge about Immunisation

## ਕੁਝ ਬੱਚਿਆਂ ਨੂੰ ਵਾਧੂ ਟੀਕਿਆਂ ਦੀ ਲੋੜ ਕਿਉਂ ਹੁੰਦੀ ਹੈ?

ਕੁਝ ਬੱਚਿਆਂ ਨੂੰ ਵਾਧੂ ਟੀਕਿਆਂ ਦੀ ਲੋੜ ਹੋ ਸਕਦੀ ਹੈ ਜੇਕਰ ਉਹਨਾਂ ਨੂੰ ਬਿਮਾਰੀ ਦਾ ਵਧੇਰੇ ਖ਼ਤਰਾ ਹੁੰਦਾ ਹੈ। ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੇ ਤਹਿਤ ਕੁਝ ਸਮੂਹਾਂ ਲਈ ਵਾਧੂ ਟੀਕੇ ਵੀ ਮੁਫ਼ਤ ਵਿੱਚ ਉਪਲਬਧ ਹਨ। ਇਹ ਕੁਝ ਖਾਸ ਡਾਕਟਰੀ ਸਮੱਸਿਆਵਾਂ ਵਾਲੇ ਬੱਚੇ ਹੋ ਸਕਦੇ ਹਨ ਜੋ ਕਿ ਉਹਨਾਂ ਨੂੰ ਬਿਮਾਰੀ ਲੱਗਣ ਦੇ ਵੱਧ ਜੋਖਮ ਵਿੱਚ ਪਾਉਂਦੀਆਂ ਹਨ ਜਾਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚੇ ਜਿਹਨਾਂ ਨੂੰ ਗੈਰ-ਆਦਿਵਾਸੀ ਲੋਕਾਂ ਨਾਲੋਂ ਕੁਝ ਬਿਮਾਰੀਆਂ ਦਾ ਵਧੇਰੇ ਖ਼ਤਰਾ ਹੁੰਦਾ ਹੈ।

ਆਪਣੇ ਬੱਚੇ ਦੀਆਂ ਖਾਸ ਲੋੜਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

ਵਧੇਰੇ:

- Immunisation for Aboriginal and Torres Strait Islander people | Australian Government Department of Health, Disability and Ageing
- Immunisation for people with medical risk conditions | Australian Government Department of Health, Disability and Ageing

## ਜੇਕਰ ਮੇਰਾ ਬੱਚਾ ਬਿਮਾਰ ਹੈ ਤਾਂ ਕੀ ਮੈਨੂੰ ਟੀਕਾਕਰਨ ਵਿੱਚ ਦੇਰੀ ਕਰਨੀ ਚਾਹੀਦੀ ਹੈ?

ਬੱਚੇ ਜਿਹਨਾਂ ਨੂੰ ਬੁਖਾਰ ਤੋਂ ਬਿਨਾਂ ਮਾਮੂਲੀ ਖਾਂਸੀ ਅਤੇ ਜ਼ੁਕਾਮ ਹੈ, ਜਾਂ ਬੱਚੇ ਜੋ ਕਿਸੇ ਬਿਮਾਰੀ ਤੋਂ ਠੀਕ ਹੋ ਰਹੇ ਹਨ ਉਹਨਾਂ ਦਾ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਟੀਕਾਕਰਨ ਕੀਤਾ ਜਾ ਸਕਦਾ ਹੈ।

ਜੇਕਰ ਕਿਸੇ ਬੱਚੇ ਨੂੰ ਤੇਜ਼ ਬੁਖਾਰ (38.5 ਡਿਗਰੀ ਸੈਲਸੀਅਸ ਤੋਂ ਵੱਧ) ਹੈ ਤਾਂ ਟੀਕਾਕਰਨ ਨੂੰ ਮੁਲਤਵੀ ਕਰ ਦੇਣਾ ਚਾਹੀਦਾ ਹੈ।

ਤੁਸੀਂ ਇੱਕ ਜਾਂ ਦੋ ਹਫ਼ਤੇ ਬਾਅਦ ਦੀ ਮੁਲਾਕਾਤ ਬਣਾ ਸਕਦੇ ਹੋ ਜਦੋਂ ਤੁਹਾਡਾ ਬੱਚਾ ਦੁਬਾਰਾ ਠੀਕ ਹੋ ਜਾਂਦਾ ਹੈ। ਜੇਕਰ ਕੋਈ ਸ਼ੱਕ ਹੋਵੇ, ਤਾਂ ਟੀਕਾਕਰਨ ਵਿੱਚ ਦੇਰੀ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਸਿਹਤ ਕਲੀਨਿਕ ਦੇ ਸਟਾਫ ਨੂੰ ਪੁੱਛੋ।

## ਜੇ ਮੇਰਾ ਬੱਚਾ ਨਿਰਧਾਰਤ ਟੀਕਾਕਰਨ ਨਹੀਂ ਲਗਵਾ ਪਾਉਂਦਾ ਤਾਂ ਕੀ ਹੋਵੇਗਾ?

ਸਮੇਂ ਸਿਰ ਟੀਕਾਕਰਨ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦਾ ਹੈ। ਹਾਲਾਂਕਿ ਜੇਕਰ ਤੁਹਾਡਾ ਬੱਚਾ ਪਿੱਛੇ ਰਹਿ ਗਿਆ ਹੈ ਤਾਂ ਇਸ ਨੂੰ ਪੂਰਾ ਕਰਨਾ ਆਸਾਨ ਹੈ। ਪਹਿਲਾਂ ਤੋਂ ਪ੍ਰਾਪਤ ਖੁਰਾਕਾਂ ਨੂੰ ਦੁਹਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਵਾਧੂ ਖੁਰਾਕ ਲੈਣ ਦੀ ਵੀ ਕੋਈ ਲੋੜ ਨਹੀਂ ਹੈ। ਇੱਕ ਪੂਰਾ ਕਰਨ ਵਾਲੇ ਪ੍ਰੋਗਰਾਮ ਬਾਰੇ ਆਪਣੇ ਟੀਕਾਕਰਨ ਪ੍ਰਦਾਤਾ ਨਾਲ ਗੱਲ ਕਰੋ।

## ਕੀ ਬੱਚਿਆਂ ਦੇ ਸਾਰੇ ਟੀਕਾਕਰਨ ਮੁਫ਼ਤ ਹਨ?

ਜੇਕਰ ਤੁਹਾਡਾ ਬੱਚਾ ਮੈਡੀਕੇਅਰ ਲਈ ਯੋਗ ਹੈ, ਤਾਂ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਅਧੀਨ ਤੁਹਾਡੇ ਬੱਚੇ ਲਈ ਨਿਯਮਿਤ ਤੌਰ 'ਤੇ ਸਿਫ਼ਾਰਸ਼ ਕੀਤੇ ਟੀਕਾਕਰਨ ਮੁਫ਼ਤ ਹਨ। ਤੁਹਾਡਾ ਡਾਕਟਰ ਤੁਹਾਨੂੰ ਦੇਖਣ ਦੀ ਫੀਸ ਲੈ ਸਕਦਾ ਹੈ।

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ ਅਤੇ ਕੁਝ ਖਾਸ ਡਾਕਟਰੀ ਸਮੱਸਿਆਵਾਂ ਵਾਲੇ ਬੱਚਿਆਂ ਨੂੰ ਮੁਫ਼ਤ ਵਾਧੂ ਟੀਕੇ ਲਗਵਾਉਣ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।

ਸ਼ਰਨਾਰਥੀ ਅਤੇ ਮਾਨਵਤਾਵਾਦੀ ਪ੍ਰਵੇਸ਼ ਪਾਉਣ ਵਾਲੇ ਵੀ ਬਚਪਨ ਵਿੱਚ ਨਾ ਲੱਗੇ ਹੋਏ ਕਈ ਤਰ੍ਹਾਂ ਦੇ ਟੀਕੇ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹਨ।

ਵਧੇਰੇ:

- Getting vaccinated | Australian Government Department of Health, Disability and Ageing
- Immunisation for infants and children | Australian Government Department of Health, Disability and Ageing ਜਾਂ ਆਪਣੇ ਜੀਪੀ ਜਾਂ ਟੀਕਾਕਰਨ ਪ੍ਰਦਾਤਾ ਨਾਲ ਗੱਲ ਕਰੋ।

## ਮੈਂ ਆਪਣੇ ਬੱਚੇ ਦਾ ਟੀਕਾਕਰਨ ਕਰਨ ਲਈ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਡੇ ਕੋਲ ਟੀਕਾਕਰਨ ਬਾਰੇ ਹੋਰ ਸਵਾਲ ਹਨ, ਤਾਂ ਆਪਣੇ ਡਾਕਟਰ, ਨਰਸ ਜਾਂ ਸਿਹਤ ਸੰਭਾਲ ਕਰਮਚਾਰੀ ਨਾਲ ਗੱਲ ਕਰਨਾ ਯਕੀਨੀ ਬਣਾਓ।

ਟੀਕਾਕਰਨ ਬਾਰੇ ਜਾਣਕਾਰੀ ਲਈ ਔਨਲਾਈਨ ਦੇਖਦੇ ਸਮੇਂ, ਵਿਗਿਆਨਕ ਸਬੂਤਾਂ 'ਤੇ ਆਧਾਰਿਤ ਭਰੋਸੇਯੋਗ ਸਰੋਤਾਂ ਦੀ ਵਰਤੋਂ ਕਰਨਾ ਯਕੀਨੀ ਬਣਾਓ। ਇਸ ਵੈੱਬਸਾਈਟ 'ਤੇ ਬਹੁਤ ਸਾਰੇ ਭਰੋਸੇਯੋਗ ਸਰੋਤਾਂ ਦੇ ਲਿੰਕ ਹਨ।

ਜੇਕਰ ਤੁਹਾਡੇ ਹੋਰ ਸਵਾਲ ਹਨ ਜਾਂ ਟੀਕਾਕਰਨ ਬਾਰੇ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਲਈ ਹੋਰ ਵੇਰਵੇ ਚਾਹੁੰਦੇ ਹੋ, ਤਾਂ ਤੁਸੀਂ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਸਰੋਤਾਂ ਦੀ ਜਾਂਚ ਕਰ ਸਕਦੇ ਹੋ ਜਾਂ ਆਪਣੇ ਡਾਕਟਰ, ਨਰਸ ਜਾਂ ਸਿਹਤ ਸੰਭਾਲ ਕਰਮਚਾਰੀ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਨੂੰ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਟੀਕਾਕਰਨ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

- Sharing Knowledge About Immunisation website
- Questions about vaccination booklet
- The Science of Immunisation booklet